**ਪੰਜਾਬ ਸਰਕਾਰ**

**ਸਕੂਲ ਸਿੱਖਿਆ ਵਿਭਾਗ**

**(Through website)**

ਵੱਲ

ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ (ਐ.ਸਿੱ),
ਪੰਜਾਬ।

ਮੀਮੋ ਨੰ:-11/62/17-5 ਸਿ6/1145754/1 ਮਿਤੀ:- 15-01-2018

**ਵਿਸ਼ਾ: ਪੜ੍ਹੋ ਪੰਜਾਬ, ਪੜ੍ਹਾਓ ਪੰਜਾਬ ਪ੍ਰੋਜੈਕਟ ਤਹਿਤ ਸਕੂਲ ਪੱਧਰ ਤੋਂ ਲੈ ਕੇ ਜ਼ਿਲ੍ਹਾ ਪੱਧਰ ਤੱਕ ਵਿਦਿਆਰਥੀਆਂ ਅਤੇ ਅਧਿਆਪਕਾਂ ਦੇ ਮੁਕਾਬਲਿਆਂ ਸਬੰਧੀ।**

1.0 ਉਪਰੋਕਤ ਵਿਸ਼ੇ ਵੱਲ ਧਿਆਨ ਦੇਣ ਦੀ ਖੇਚਲ ਕੀਤੀ ਜਾਵੇ ਜੀ।

2.0 ਆਪ ਜੀ ਨੂੰ ਪਤਾ ਹੈ ਕਿ ਪੰਜਾਬ ਸਰਕਾਰ ਦੁਆਰਾ 'ਪੜ੍ਹੋ ਪੰਜਾਬ, ਪੜ੍ਹਾਓ ਪੰਜਾਬ' ਪ੍ਰੋਜੈਕਟ ਸਮੂਹ ਪ੍ਰਾਇਮਰੀ ਸਕੂਲਾਂ ਅੰਦਰ ਸਿੱਖਿਆ ਦੇ ਗੁਣਾਤਮਿਕ ਸੁਧਾਰ ਪੱਖੋਂ ਚਲਾਇਆ ਗਿਆ ਹੈ। ਇਸ ਪ੍ਰੋਜੈਕਟ ਅਧੀਨ ਵਿਦਿਆਰਥੀਆਂ ਵਿੱਚ ਪੜ੍ਹਨ-ਲਿਖਣ ਦੀਆਂ ਰੁਚੀਆਂ ਨੂੰ ਹੋਰ ਉਤਸ਼ਾਹਿਤ ਕਰਨ ਲਈ ਵੱਖ-ਵੱਖ ਤਰ੍ਹਾਂ ਦੀਆਂ ਗਤੀਵਿਧੀਆਂ ਅਤੇ ਮੁਕਾਬਲੇ ਕਰਵਾਏ ਜਾਂਦੇ ਹਨ।

3.0 ਇਸੇ ਲੜੀ ਤਹਿਤ ਪ੍ਰਾਇਮਰੀ ਸਕੂਲਾਂ ਵਿੱਚ ਪਹਿਲੀ ਤੋਂ ਪੰਜਵੀਂ ਜਮਾਤਾਂ ਵਿੱਚ ਪੜ੍ਹਦੇ ਵਿਦਿਆਰਥੀਆਂ ਦੇ ਸਹਿ-ਵਿੱਦਿਅਕ ਮੁਕਾਬਲੇ ਅਤੇ ਅਧਿਆਪਕਾਂ ਦੇ ਸੁਲੇਖ ਮੁਕਾਬਲੇ ਸਕੂਲ ਪੱਧਰ ਤੋਂ ਲੈ ਕੇ ਜ਼ਿਲ੍ਹਾ ਪੱਧਰ ਤੱਕ ਕਰਵਾਏ ਜਾਣੇ ਹਨ, ਜਿਨ੍ਹਾ ਦਾ ਸ਼ਡਿਊਲ ਹੇਠ ਲਿਖੇ ਅਨੁਸਾਰ ਹੋਵੇਗਾ:-

| ਲੜੀ ਨੰ. | ਸਮਾਂ-ਸਾਰਨੀ ਅਤੇ ਸਥਾਨ | ਮੁਕਾਬਲੇ ਦਾ ਨਾਂ | ਭਾਗ ਲੈਣ ਵਾਲੇ ਵਿਦਿਆਰਥੀ/ਅਧਿਆਪਕ |
|---|---|---|---|
| 1 | **ਮਿਤੀ 3-2-2018 ਦਿਨ ਸ਼ਨੀਵਾਰ ਅੱਧੀ ਛੁੱਟੀ ਤੋਂ ਬਾਅਦ ਅਤੇ ਸਥਾਨ-ਸਕੂਲ** | • ਸੁਲੇਖ ਮੁਕਾਬਲਾ (ਜੈੱਲ ਪੈੱਨ ਨਾਲ) ਭਾਸ਼ਾ ਪੰਜਾਬੀ/ਹਿੰਦੀ/ਅੰਗਰੇਜ਼ੀ<br>• ਸੁਲੇਖ ਮੁਕਾਬਲਾ (ਕਲਮ ਨਾਲ) ਸਿਰਫ਼ ਪੰਜਾਬੀ ਭਾਸ਼ਾ ਵਿੱਚ | ਸਕੂਲ ਦੇ ਸਮੂਹ ਵਿਦਿਆਰਥੀ |
| 2 | | ਰੀਡਿੰਗ ਮੁਕਾਬਲੇ ਭਾਸ਼ਾ ਪੰਜਾਬੀ/ਹਿੰਦੀ/ਅੰਗਰੇਜ਼ੀ | ਸਕੂਲ ਦੇ ਸਮੂਹ ਵਿਦਿਆਰਥੀ |
| 3 | | ਪਹਾੜਿਆਂ ਦੇ ਮੁਕਾਬਲੇ (ਜਮਾਤ ਅਨੁਸਾਰ) | ਜਮਾਤ ਅਨੁਸਾਰ ਸਕੂਲ ਦੇ ਸਮੂਹ ਵਿਦਿਆਰਥੀ |
| 4 | | ਸੁਲੇਖ ਮੁਕਾਬਲੇ ਅਧਿਆਪਕਾਂ ਲਈ (ਕਲਮ/ਜੈੱਲ ਪੈੱਨ ਨਾਲ) ਭਾਸ਼ਾ ਪੰਜਾਬੀ/ਹਿੰਦੀ/ਅੰਗਰੇਜ਼ੀ | ਸਕੂਲ ਦੇ ਸਮੂਹ ਅਧਿਆਪਕ |
| 5 | **ਮਿਤੀ 9-2-2018 ਦਿਨ ਸ਼ੁੱਕਰਵਾਰ ਅੱਧੀ ਛੁੱਟੀ ਤੋਂ ਬਾਅਦ ਅਤੇ ਸਥਾਨ-ਕਲੱਸਟਰ** | • ਸੁਲੇਖ ਮੁਕਾਬਲਾ (ਜੈੱਲ ਪੈੱਨ ਨਾਲ) ਭਾਸ਼ਾ ਪੰਜਾਬੀ/ਹਿੰਦੀ/ਅੰਗਰੇਜ਼ੀ<br>• ਸੁਲੇਖ ਮੁਕਾਬਲਾ (ਕਲਮ ਨਾਲ) ਸਿਰਫ਼ ਪੰਜਾਬੀ ਭਾਸ਼ਾ ਵਿੱਚ | ਕਲੱਸਟਰ ਵਿੱਚਲੇ ਸਕੂਲਾਂ ਦੇ ਹਰੇਕ ਸਕੂਲ ਵਿੱਚੋਂ ਪਹਿਲੇ ਸਥਾਨ 'ਤੇ ਰਹਿਣ ਵਾਲੇ ਵਿਦਿਆਰਥੀ (ਤਿੰਨ ਭਾਸ਼ਾਵਾਂ + ਕਲਮ) ਪ੍ਰਤੀ ਸਕੂਲ ਚਾਰ ਵਿਦਿਆਰਥੀ |
| 6 | | ਰੀਡਿੰਗ ਮੁਕਾਬਲੇ ਭਾਸ਼ਾ ਪੰਜਾਬੀ/ਹਿੰਦੀ/ਅੰਗਰੇਜ਼ੀ | ਕਲੱਸਟਰ ਵਿੱਚਲੇ ਸਕੂਲਾਂ ਦੇ ਹਰੇਕ ਸਕੂਲ ਵਿੱਚੋਂ ਪਹਿਲੇ ਸਥਾਨ 'ਤੇ ਰਹਿਣ ਵਾਲੇ ਵਿਦਿਆਰਥੀ (ਤਿੰਨ ਭਾਸ਼ਾਵਾਂ ) ਪ੍ਰਤੀ ਸਕੂਲ ਤਿੰਨ ਵਿਦਿਆਰਥੀ |
| 7 | | ਪਹਾੜਿਆਂ ਦੇ ਮੁਕਾਬਲੇ (ਜਮਾਤ ਅਨੁਸਾਰ) | ਕਲੱਸਟਰ ਵਿੱਚਲੇ ਸਕੂਲਾਂ ਦੇ ਜਮਾਤ ਅਨੁਸਾਰ ਸਿਰਫ਼ ਪਹਿਲੇ ਸਥਾਨ ਤੇ ਰਹਿਣ ਵਾਲੇ ਵਿਦਿਆਰਥੀ। ਪ੍ਰਤੀ ਸਕੂਲ ਪੰਜ ਵਿਦਿਆਰਥੀ |
| 8 | | ਸੁਲੇਖ ਮੁਕਾਬਲੇ ਅਧਿਆਪਕਾਂ ਲਈ (ਕਲਮ/ਜੈੱਲ ਪੈੱਨ ਨਾਲ) ਭਾਸ਼ਾ ਪੰਜਾਬੀ/ਹਿੰਦੀ/ਅੰਗਰੇਜ਼ੀ | ਕਲੱਸਟਰ ਵਿੱਚਲੇ ਸਕੂਲਾਂ ਦੇ ਪਹਿਲੇ ਸਥਾਨ ਤੇ ਰਹਿਣ ਵਾਲੇ ਅਧਿਆਪਕ (ਕਿਸੇ ਇੱਕ ਭਾਸ਼ਾ ਵਿੱਚ) |
| 9 | **ਮਿਤੀ 17-2-2018 ਦਿਨ ਸ਼ਨੀਵਾਰ ਸਵੇਰੇ 10.00 ਵਜੇ ਅਤੇ ਸਥਾਨ-ਬਲਾਕ** | • ਸੁਲੇਖ ਮੁਕਾਬਲਾ (ਜੈੱਲ ਪੈੱਨ ਨਾਲ) ਭਾਸ਼ਾ ਪੰਜਾਬੀ/ਹਿੰਦੀ/ਅੰਗਰੇਜ਼ੀ<br>• ਸੁਲੇਖ ਮੁਕਾਬਲਾ (ਕਲਮ ਨਾਲ) ਸਿਰਫ਼ ਪੰਜਾਬੀ ਭਾਸ਼ਾ ਵਿੱਚ | ਕਲੱਸਟਰ ਵਿੱਚੋਂ ਪਹਿਲੇ ਸਥਾਨ 'ਤੇ ਰਹਿਣ ਵਾਲੇ ਵਿਦਿਆਰਥੀ (ਪੰਜਾਬੀ, ਹਿੰਦੀ ਅਤੇ ਅੰਗਰੇਜ਼ੀ) (ਤਿੰਨ ਭਾਸ਼ਾਵਾਂ + ਕਲਮ) ਪ੍ਰਤੀ ਕਲੱਸਟਰ ਚਾਰ ਵਿਦਿਆਰਥੀ |
| 10 | | ਰੀਡਿੰਗ ਮੁਕਾਬਲੇ | ਕਲੱਸਟਰ ਵਿੱਚੋਂ ਪਹਿਲੇ ਸਥਾਨ 'ਤੇ ਰਹਿਣ |

| | | | |
|---|---|---|---|
| | | ਭਾਸ਼ਾ ਪੰਜਾਬੀ/ਹਿੰਦੀ/ਅੰਗਰੇਜ਼ੀ | ਵਾਲੇ ਵਿਦਿਆਰਥੀ (ਪੰਜਾਬੀ, ਹਿੰਦੀ ਅਤੇ ਅੰਗਰੇਜ਼ੀ)। ਪ੍ਰਤੀ ਕਲੱਸਟਰ ਤਿੰਨ ਵਿਦਿਆਰਥੀ |
| 11 | | ਪਹਾੜਿਆਂ ਦੇ ਮੁਕਾਬਲੇ (ਜਮਾਤ ਅਨੁਸਾਰ) | ਕਲੱਸਟਰ ਵਿੱਚੋਂ ਪਹਿਲੇ ਸਥਾਨ 'ਤੇ ਰਹਿਣ ਵਾਲੇ ਵਿਦਿਆਰਥੀ (ਜਮਾਤ ਅਨੁਸਾਰ) ਪ੍ਰਤੀ ਕਲੱਸਟਰ ਪੰਜ ਵਿਦਿਆਰਥੀ |
| 12 | | ਸੁਲੇਖ ਮੁਕਾਬਲੇ ਅਧਿਆਪਕਾਂ ਲਈ (ਕਲਮ/ਜੈੱਲ ਪੈੱਨ ਨਾਲ) ਭਾਸ਼ਾ ਪੰਜਾਬੀ/ਹਿੰਦੀ/ਅੰਗਰੇਜ਼ੀ | ਕਲੱਸਟਰ ਵਿੱਚੋਂ ਪਹਿਲੇ ਸਥਾਨ ਤੇ ਆਉਣ ਵਾਲੇ ਅਧਿਆਪਕ (ਪੰਜਾਬੀ, ਹਿੰਦੀ ਅਤੇ ਅੰਗਰੇਜ਼ੀ) ਹਰੇਕ ਕਲੱਸਟਰ ਵਿੱਚੋਂ ਕੁੱਲ ਤਿੰਨ ਅਧਿਆਪਕ ਭਾਗ ਲੈਣਗੇ। |
| 13 | **ਮਿਤੀ 24-2-2018 ਦਿਨ ਸ਼ਨੀਵਾਰ ਸਵੇਰੇ 10.00 ਵਜੇ ਅਤੇ ਸਥਾਨ-ਜ਼ਿਲ੍ਹਾ** | • ਸੁਲੇਖ ਮੁਕਾਬਲਾ (ਜੈੱਲ ਪੈੱਨ ਨਾਲ) ਭਾਸ਼ਾ ਪੰਜਾਬੀ/ਹਿੰਦੀ/ਅੰਗਰੇਜ਼ੀ<br>• ਸੁਲੇਖ ਮੁਕਾਬਲਾ (ਕਲਮ ਨਾਲ) ਸਿਰਫ਼ ਪੰਜਾਬੀ ਭਾਸ਼ਾ ਵਿੱਚ | ਬਲਾਕ ਵਿੱਚੋਂ ਪਹਿਲੇ ਸਥਾਨ ਰਹਿਣ ਵਾਲੇ ਵਿਦਿਆਰਥੀ (ਪੰਜਾਬੀ, ਹਿੰਦੀ ਅਤੇ ਅੰਗਰੇਜ਼ੀ) ਬਲਾਕ ਵਿੱਚੋਂ ਚਾਰ ਵਿਦਿਆਰਥੀ ਭਾਗ ਲੈਣਗੇ। |
| 14 | | ਰੀਡਿੰਗ ਮੁਕਾਬਲੇ ਭਾਸ਼ਾ ਪੰਜਾਬੀ/ਹਿੰਦੀ/ਅੰਗਰੇਜ਼ੀ | ਬਲਾਕ ਵਿੱਚੋਂ ਪਹਿਲੇ ਸਥਾਨ 'ਤੇ ਰਹਿਣ ਵਾਲੇ ਵਿਦਿਆਰਥੀ (ਪੰਜਾਬੀ, ਹਿੰਦੀ ਅਤੇ ਅੰਗਰੇਜ਼ੀ) ਬਲਾਕ ਵਿੱਚੋਂ ਤਿੰਨ ਵਿਦਿਆਰਥੀ ਭਾਗ ਲੈਣਗੇ। |
| 15 | | ਪਹਾੜਿਆਂ ਦੇ ਮੁਕਾਬਲੇ (ਜਮਾਤ ਅਨੁਸਾਰ) | ਬਲਾਕ ਵਿੱਚੋਂ ਪਹਿਲੇ ਸਥਾਨ 'ਤੇ ਰਹਿਣ ਵਾਲੇ ਵਿਦਿਆਰਥੀ (ਜਮਾਤ ਅਨੁਸਾਰ) ਬਲਾਕ ਵਿੱਚੋਂ ਪੰਜ ਵਿਦਿਆਰਥੀ ਭਾਗ ਲੈਣਗੇ। |
| 16 | | ਸੁਲੇਖ ਮੁਕਾਬਲੇ ਅਧਿਆਪਕਾਂ ਲਈ (ਕਲਮ/ਜੈੱਲ ਪੈੱਨ ਨਾਲ) ਭਾਸ਼ਾ ਪੰਜਾਬੀ/ਹਿੰਦੀ/ਅੰਗਰੇਜ਼ੀ | ਬਲਾਕ ਵਿੱਚੋਂ ਪਹਿਲੇ ਸਥਾਨ ਤੇ ਆਉਣ ਵਾਲੇ ਅਧਿਆਪਕ (ਪੰਜਾਬੀ, ਹਿੰਦੀ ਅਤੇ ਅੰਗਰੇਜ਼ੀ) ਹਰੇਕ ਬਲਾਕ ਵਿੱਚੋਂ ਕੁੱਲ ਤਿੰਨ ਅਧਿਆਪਕ ਭਾਗ ਲੈਣਗੇ। |

4.0 ਅਧਿਆਪਕਾਂ ਵੱਲੋਂ ਸਕੂਲ ਪੱਧਰ 'ਤੇ ਸਾਰੇ ਵਿਦਿਆਰਥੀਆਂ ਦੀ ਤਿਆਰੀ ਕਰਵਾਈ ਜਾਵੇਗੀ। ਹਰੇਕ ਵਿਦਿਆਰਥੀ ਅਤੇ ਅਧਿਆਪਕ ਦਾ ਸਕੂਲ ਪੱਧਰ 'ਤੇ ਭਾਗ ਲੈਣਾ ਲਾਜ਼ਮੀ ਹੋਵੇਗਾ।

5.0 ਇਹ ਮੁਕਾਬਲੇ ਦਿੱਤੇ ਗਏ ਸ਼ਡਿਊਲ ਅਨੁਸਾਰ ਹਰੇਕ ਜ਼ਿਲ੍ਹੇ ਵਿੱਚ ਕਰਵਾਏ ਜਾਣੇ ਜ਼ਰੂਰੀ ਹਨ। ਮੁਕਾਬਲਿਆਂ ਨੂੰ ਕਰਵਾਉਣ ਲਈ ਜ਼ਿਲ੍ਹਾ ਸਿੱਖਿਆ ਅਫ਼ਸਰ (ਐ.ਸਿੱ), ਬੀ.ਪੀ.ਈ.ਓ ਅਤੇ 'ਪੜ੍ਹੋ ਪੰਜਾਬ, ਪੜ੍ਹਾਓ ਪੰਜਾਬ' ਟੀਮ ਮਿਲ ਕੇ ਪੂਰਨ ਯੋਜਨਾਬੰਦੀ ਤਹਿਤ ਕੰਮ ਕਰਨਗੇ। ਬਲਾਕ/ਜ਼ਿਲ੍ਹਾ ਪੱਧਰ 'ਤੇ ਇਹਨਾਂ ਮੁਕਾਬਲਿਆਂ ਨੂੰ ਕਰਵਾਉਣ ਲਈ ਯੋਜਨਾਬੰਦੀ ਸਬੰਧਤ ਅਫ਼ਸਰ ਵੱਲੋਂ ਇੱਕ ਦਿਨ ਪਹਿਲਾਂ ਕਰਨੀ ਹੋਵੇਗੀ।

6.0 ਬਲਾਕ/ਜ਼ਿਲ੍ਹਾ ਪੱਧਰ 'ਤੇ ਜੇਤੂ ਵਿਦਿਆਰਥੀਆਂ/ਅਧਿਆਪਕਾਂ ਨੂੰ ਸਬੰਧਤ ਅਧਿਕਾਰੀਆਂ ਵੱਲੋਂ ਪ੍ਰਸ਼ੰਸਾ ਪੱਤਰ ਦਿੱਤੇ ਜਾਣਗੇ।

7.0 ਜ਼ਿਲ੍ਹਾ ਪੱਧਰ ਤੇ ਹੋਣ ਵਾਲੇ ਸਹਿ-ਅਕਾਦਮਿਕ ਮੁਕਾਬਲਿਆਂ ਵਿੱਚ ਵਿਦਿਆਰਥੀਆਂ ਅਤੇ ਅਧਿਆਪਕਾਂ ਨੂੰ ਉਤਸ਼ਾਹਿਤ ਕਰਨ ਲਈ ਮੁੱਖ ਦਫ਼ਤਰ ਵੱਲੋਂ ਅਧਿਕਾਰੀਆਂ ਦੀਆਂ ਜ਼ਿਲ੍ਹੇਵਾਰ ਡਿਊਟੀਆਂ ਲਗਾਈਆਂ ਗਈਆ ਹਨ। ਇਹ ਅਧਿਕਾਰੀ ਆਪਣੇ ਅਲਾਟ ਕੀਤੇ ਜ਼ਿਲ੍ਹੇ ਦੇ ਸਾਰੇ ਮੁਕਾਬਲਿਆਂ ਨਾਲ ਸਬੰਧਤ ਅਧਿਕਾਰੀਆਂ/ਅਧਿਆਪਕਾਂ ਨਾਲ ਰਾਬਤਾ ਕਾਇਮ ਰੱਖਣਗੇ ਅਤੇ ਸਮੇਂ-ਸਮੇਂ 'ਤੇ ਜ਼ਿਲ੍ਹੇ ਦੀ ਰਿਪੋਰਟ ਤਿਆਰ ਕਰਨਗੇ।

8.0 ਹੁਕਮਾਂ ਦੀ ਇੰਨ-ਬਿੰਨ ਪਾਲਣਾ ਕਰਨੀ ਯਕੀਨੀ ਬਣਾਈ ਜਾਵੇ।

**ਸਕੱਤਰ ਸਕੂਲ ਸਿੱਖਿਆ,ਪੰਜਾਬ।**

ਪਿੱਠ ਅੰਕਣ ਨੰ.

ਮਿਤੀ:

ਉਪਰੋਕਤ ਦਾ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਹਿੱਤ ਭੇਜਿਆ ਜਾਂਦਾ ਹੈ:

1. ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ।
2. ਡਾਇਰੈਕਟਰ ਐਸ.ਸੀ.ਈ.ਆਰ.ਟੀ, ਪੰਜਾਬ।
3. ਡੀ.ਪੀ.ਆਈ (ਐ.ਸਿੱ), ਪੰਜਾਬ।

**ਸਕੱਤਰ ਸਕੂਲ ਸਿੱਖਿਆ,ਪੰਜਾਬ।**